# ਅੱਜ ਦੇ ਦਿਨ (ਮਿਤੀ 26 ਦਸੰਬਰ, 2024) ਦਾ ਇਤਿਹਾਸ

# ਨਿੱਕੀਆਂ ਜ਼ਿੰਦਾਂ ਵੱਡਾ ਸਾਕਾ

## ਗੌਰਵਮਈ ਸ਼ਹੀਦੀ ਸਾਕੇ ਦਾ ਸੱਤਵਾਂ ਦਿਨ (12 ਪੋਹ 1704)

हिंदी अनुवाद नीचे उपलब्ध है

ਅੱਜ ਦੇ ਦਿਨ 12 ਪੋਹ ਸੰਮਤ 1761 ਬਿਕਰਮੀ (1704 ਈਸਵੀ) ਨੂੰ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ) ਨੂੰ ਸਰਹਿੰਦ ਦੇ ਸੂਬੇਦਾਰ ਨਵਾਬ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਫਿਰ ਪੇਸ਼ ਕੀਤਾ ਗਿਆ।

ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਪ੍ਰਤੀ ਹਮਦਰਦੀ ਦਿਖਾਉਂਦੇ ਹੋਏ ਬੱਚਿਆਂ ਅਤੇ ਬਜ਼ੁਰਗ ਮਾਤਾ ਜੀ ਉੱਪਰ ਜ਼ੁਲਮ ਕਰਨ ਤੋਂ ਇਨਕਾਰ ਕਰ ਦਿੱਤਾ।

ਵਜ਼ੀਰ ਖਾਨ ਨੇ ਅੱਜ ਫਿਰ ਛੋਟੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਡਰਾਇਆ ਅਤੇ ਲਾਲਚ ਵੀ ਦਿੱਤੇ ਪਰ ਉਹ ਅਡੋਲ ਰਹੇ।ਅੰਤ, ਵਜ਼ੀਰ ਖਾਨ ਨੇ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੀਹਾਂ ਵਿੱਚ ਚਿਣਨ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਹੱਸਦੇ-ਹੱਸਦੇ ਇਹ ਫ਼ਤਵਾ ਪ੍ਰਵਾਨ ਕੀਤਾ।ਇਸ ਰਾਤ ਵੀ ਮੋਤੀ ਰਾਮ ਮਹਿਰਾ ਜੀ ਨੇ ਦੁੱਧ ਪਿਲਾਉਣ ਦੀ ਸੇਵਾ ਜਾਰੀ ਰੱਖੀ।

ਗੁਰੂ ਗੋਬਿੰਦ ਸਿੰਘ ਜੀ ਨੇ ਅੱਜ ਦੀ ਰਾਤ ਗਨੀ ਖਾਂ ਅਤੇ ਨਬੀ ਖਾਂ ਦੇ ਗ੍ਰਹਿ ਵਿਖੇ ਹੀ ਵਿਸ਼ਰਾਮ ਕੀਤਾ।

ਅੱਜ ਦੇ ਇਤਿਹਾਸ ਤੋਂ ਸਾਨੂੰ ਇਹ ਪ੍ਰੇਰਨਾ ਮਿਲਦੀ ਹੈ ਕਿ ਜਿਵੇਂ ਮੋਤੀ ਮਹਿਰਾ ਜੀ ਦੇ ਪਰਿਵਾਰ ਨੇ ਆਪਣੀ ਜ਼ਿੰਦ ਦੀ ਪਰਵਾਹ ਕੀਤੇ ਬਿਨਾਂ ਗੁਰੂ ਜੀ ਦੇ ਪਰਿਵਾਰ ਦੀ ਸੇਵਾ ਕੀਤੀ, ਸਾਨੂੰ ਵੀ ਗੁਰੂ ਕੌਮ ਦੀ ਸੇਵਾ ਵਿੱਚ ਆਤਮ ਸਮਰਪਣ ਕਰਕੇ ਮਨੁੱਖਾ ਜਨਮ ਨੂੰ ਸਫ਼ਲਾ ਕਰਨਾ ਚਾਹੀਦਾ ਹੈ।

ਆਓ! ਅੱਜ ਆਪਾਂ ਇਹ ਪ੍ਰਣ ਕਰੀਏ ਕਿ ਅਸੀਂ ਵੀ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਵਾਂਗ ਸਚਿਆਰ ਮਨੁੱਖ ਬਣਾਂਗੇ ਅਤੇ ਇਸ ਨਿਸ਼ਚੇ ਦੀ ਪ੍ਰਾਪਤੀ ਲਈ ਨਿਰੰਤਰ ਸਿਮਰਨ, ਅਰਦਾਸ ਅਤੇ ਮਿਹਨਤ ਕਰਾਂਗੇ।ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ।ਅੱਜ ਦੇ ਇਤਿਹਾਸ ਨੂੰ ਦਰਸਾਉਂਦਾ ਵੀਡੀਓ **ਆਤਮ ਪਰਗਾਸ ਫੇਸਬੁੱਕ ਪੇਜ** ਤੇ ਦੇਖੋ ਜੀ।

**ਚਲਦਾ...**

ਆਤਮ ਪਰਗਾਸ ਵੱਲੋਂ 'ਸਚਿਆਰ ਮਨੁੱਖਾਂ' ਦੀ ਘਾੜਤ ਘੜਨ ਲਈ ਰੋਜ਼ਾਨਾ ਵਿਸ਼ੇਸ਼ ਉਤਸ਼ਾਹਮਈ ਸਬਕ ਸਾਂਝੇ ਕੀਤੇ ਜਾਂਦੇ ਹਨ।ਵਿਦਿਆਰਥੀਆਂ ਨੂੰ ਸਮੇਂ ਦੀ ਸੁਚੱਜੀ ਵਰਤੋਂ ਸਿਖਾਉਣ ਲਈ ਨਵੇਕਲੀ ਸਮਾਂ-ਸਾਰਨੀ ਅਮਲ ਵਿੱਚ ਲਿਆਉਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵਿਦਵਾਨਾਂ ਦੀ ਉਚੇਚੀ ਟੀਮ ਸੇਵਾਵਾਂ ਪ੍ਰਦਾਨ ਕਰਦੀ ਹੈ।ਇਨ੍ਹਾਂ ਸੇਵਾਵਾਂ ਦਾ ਲਾਹਾ ਲੈਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜੀ।

**ਆਤਮ ਪਰਗਾਸ ਸਮਾਜ ਭਲਾਈ ਸਭਾ**
99, ਪ੍ਰੀਤ ਵਿਹਾਰ, ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ, ਲੁਧਿਆਣਾ-142022
+91 82880-10531 / 32 www.atampargas.org
Like Facebook Page Subscribe YouTube Channel

# आज के दिन (दिनांक 26 दिसंबर, 2024) का इतिहास

# निकियाँ जिंदां वड्डा साका

## गौरवमयी शहीदी साके का सातवाँ दिन (12 पोह 1704)

आज के दिन 12 पोह, सम्मत 1761 बि. (1704 ई.) छोटे साहिबज़ादों (बाबा ज़ोरावर सिंघ जी और बाबा फ़तेह सिंघ जी) को सरहिंद के सूबेदार नवाब वज़ीर खान की कचहरी में फिर से पेश किया गया।

मलेरकोटला के नवाब शेर मोहम्मद ने साहिबज़ादों और माता गुजर कौर जी के प्रति सहानुभूति दिखाते हुए बच्चों और बुजुर्ग माता जी के ऊपर जुल्म करने से इंकार कर दिया।

वज़ीर खान ने आज फिर छोटे साहिबज़ादों को धर्म बदलने के लिए डराया और कई प्रकार के लालच भी दिए लेकिन साहिबज़ादे अपने निश्चय से नहीं हिले।अंत, वज़ीर खान ने साहिबज़ादों को जिंदा दीवार में चिनने का आदेश जारी कर दिया और छोटे साहिबज़ादों ने हंसते-हंसते यह फतवा स्वीकार किया।इस रात भी मोती राम मेहरा जी ने दूध पिलाने की सेवा जारी रखी।

गुरू गोबिंद सिंघ जी ने आज की रात गनी खाँ और नबी खाँ के घर में ही विश्राम किया।

आज के इतिहास से हमें प्रेरणा मिलती है कि जिस प्रकार मोती राम मेहरा जी के परिवार ने अपनी ज़िंदगी की परवाह किए बिना गुरु जी के परिवार की सेवा की, उसी प्रकार हमें भी गुरु जी की सेवा में आत्म समर्पण करके अपना मनुष्य जन्म सफल करना चाहिए।

आओ! आज हम सब मिलकर यह प्रण करें कि हम भी साहिबज़ादों और माता गुजर कौर जी की तरह सच्चे मनुष्य बनेंगे तथा इस निश्चय की प्राप्ति के लिए लगातार सिमरन, अरदास व मेहनत करेंगे।यही हमारी उनको सच्ची श्रद्धांजलि होगी।आज के इतिहास को दर्शाती हुई वीडियो **आतम परगास फेसबुक पेज** पर देख सकते हैं।

**चलता...**

आतम परगास की ओर से 'सचिआर मनुष्य' बनने के लिए प्रतिदिन विशेष सबक भेजे जाते हैं।समाज में समय की कदर की रुची प्रबल करने के लिए विद्यार्थियो को विशेष समय सारणी का पालन करने की सिखलाई देने के साथ-साथ उनके सम्पूर्ण विकास के लिए विद्वानों की विशेष टीम सेवा प्रदान कर रही है।इन सेवाओं का लाभ लेने के लिए निम्नलिखित नंबरों पर संपर्क करें जी।

ATAM PARGAS

आतम परगास समाज भलाई सभा

99, प्रीत विहार, शहीद करतार सिंघ सराभा मार्ग, लुधियाना-142022

+91 82880-10531 / 32 www.atampargas.org

Like Facebook Page Subscribe YouTube Channel